ਖਲੀਲ ਜਿਬਰਾਨ
ਦੀ
ਸੰਸਾਰ ਪ੍ਰਸਿੱਧ
ਪੁਸਤਕ

G-993

# ਜ਼ਿੰਦਗੀ

زندگی

SARDAR DYAL SINGH
(LAHORE)
LIBRARY

The Prophet

SINGH BROTHERS
Anarkali, Lahore.

ਨਰਿੰਦਰ ਸਿੰਘ 'ਸੋਚ'

892.74
ਕਿ ੬ ੧ ਕਿ
All rights reserved.

27664
ਪ੍ਰਕਾਸ਼ਕ:—
ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ
ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ

ਪਹਿਲੀ ਵਾਰ ੧੦੦੦

ਪ੍ਰਿੰਟਰ:—
ਸ੍ਰ: ਪ੍ਰੀਤਮ ਸਿੰਘ
'ਮਨਮੋਹਨ ਆਰਟ ਪ੍ਰੈਸ'
ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ

Price 1/6/-

| ਕੀ ? | | ਕਿਥੇ ? |
|---|---|---|
| ੧. | ਪਿਛਵਾੜਾ | ੳ |
| ੨. | ਮੁਢ | ੧ |
| ੩. | ਪ੍ਰੇਮ | ੯ |
| ੪. | ਵਿਆਹ | ੧੩ |
| ੫. | ਬਾਲਕ | ੧੫ |
| ੬. | ਦਾਨ | ੧੭ |
| ੭. | ਖੁਰਾਕ | ੨੧ |
| ੮. | ਮੇਹਨਤ | ੨੩ |
| ੯. | ਹਰਖ-ਸੋਗ | ੨੭ |
| ੧੦. | ਘਰ | ੨੯ |
| ੧੧. | ਕਪੜੇ | ੩੩ |
| ੧੨. | ਦੇਣ-ਲੈਣ | ੩੫ |
| ੧੩. | ਗੁਨਾਹ ਤੇ ਸਜ਼ਾ | ੩੭ |
| ੧੪. | ਕਾਨੂੰਨ | ੪੩ |
| ੧੫. | ਅਜ਼ਾਦੀ | ੪੬ |
| ੧੬. | ਬੁਧੀ ਤੇ ਵਾਸ਼ਨਾ | ੪੯ |
| ੧੭. | ਦੁਖ | ੫੨ |
| ੧੮. | ਆਤਮ-ਗਿਆਨ | ੫੪ |
| ੧੯. | ਵਿਦਿਆ | ੫੬ |

੫੮
੨੦. ਮਿੱਤ੍ਰਤਾ ੬੦
੨੧. ਗਲ-ਬਾਤ ੬੨
੨੨. ਸਮਾਂ ੬੪
੨੩. ਭਲਿਆਈ-ਬੁਰਿਆਈ ੬੭
੨੪. ਪ੍ਰਾਰਥਨਾ ੭੦
੨੫. ਮਨ ਦੀ ਮੌਜ ੭੪
੨੬. ਸੁੰਦ੍ਰਤਾ ੭੭
੨੭. ਧਰਮ ੮੦
੨੮. ਮੌਤ ੮੨
੨੯. ਵਿਦੈਗੀ

27664

# ਪਿਛਵਾੜਾ

ਇਕ ਵਾਰ ਇਕ ਪਾਟੇ ਕਪੜਿਆਂ ਵਾਲੇ ਮਜ਼ਦੂਰ ਨੇ ਨੀਊਯਾਰਕ ਦੇ, ਦੁਨੀਆਂ ਭਰ ਤੋਂ ਬਹੁਤੀਆਂ ਛਤਾਂ ਵਾਲੇ ਮਕਾਨ ਲਾਗੇ ਖੜੋ ਕੇ ਕਿਹਾ, 'ਪਚਵੰਜਾ ਫੀ ਸਦੀ ਸੋਨਾ ਅਮਰੀਕਾ ਵਿਚ ਹੈ।'

ਲਾਗੇ ਖੜੋਤੇ ਨੇ ਟੁੰਬਣ ਵਾਲੇ ਸ਼ਬਦਾਂ ਵਿਚ ਪੁਛਿਆ, "ਯਾਰ, ਤੇਰੀ ਜੇਬ ਵਿਚ ਕਿੰਨੇ ਪੌਂਡ ਹਨ ?"

ਘਬਰਾ ਕੇ ਕਾਮੇ ਨੇ ਕਿਹਾ, "ਮੇਰੇ ਕੋਲ ਤਾਂ ਇਕ ਪੈਸਾ ਭੀ ਨਹੀਂ, ਮੈਂ ਕਈਆਂ ਮਹੀਨਿਆਂ ਤੋਂ ਬੇਕਾਰ ਹਾਂ, ਮੈਨੂੰ ਤਾਂ ਰੋਟੀ ਭੀ ਮੇਰੀ ਆਪਣੀ ਸਰਕਾਰ ਦੇਂਦੀ ਹੈ।"

ਮੋਢੇ ਤੇ ਹਥ ਰਖ ਕੇ ਸੁਘੜ ਨੇ ਕਿਹਾ, "ਜੇ ਏਨਾਂ ਸੋਨਾ ਰੋਟੀ ਤੇ ਕੰਮ ਨਹੀਂ ਦੇ ਸਕਦਾ ਤਾਂ ਤੈਨੂੰ ਮੈਨੂੰ ਕੀ ਭਾਗ ?"

ਉਪਰਲੀ ਗਲ ਬਾਤ ਬੜੀ ਪ੍ਰਸਿਧ ਹੈ, ਘਟੋ ਘਟ ਓਨੀ ਪੁਰਾਣੀ ਹੈ, ਜਿੰਨੀ ਬੇ-ਕਾਰੀ ਤੇ ਅਮਰੀਕਾ ਦਾ ਬਹੁਤਾ ਸੋਨਾ। ਮੈਂ ਜਦੋਂ ਕਦੀ ਭੀ ਅਮਰੀਕਾ ਸੰਬੰਧੀ ਸੋਚਦਾ ਹਾਂ, ਜਾਂ ਕਿਸੇ ਕੋਲੋਂ ਕੁਝ ਸੁਣਦਾ ਹਾਂ, ਮੈਨੂੰ ਉਪਰਲੀ ਗਲ ਬਾਤ ਬਦੋ ਬਦੀ ਯਾਦ ਆ ਜਾਂਦੀ ਹੈ। ਨੀਊਯਾਰਕ ਨੂੰ ਤਾਂ ਮੈਂ ਸਦਾ ਤੋਂ ਬਹੁਤੀਆਂ ਛਤਾਂ ਵਾਲੇ ਮਕਾਨ ਦੇ ਰੂਪ ਵਿਚ ਵੇਖਦਾ ਆਇਆ ਹਾਂ, ਪਰ ਕੁਝ ਚਿਰ ਤੋਂ ਸੋਨਾ ਤੇ ਉਚੇ ਮਕਾਨ ਧੁੰਦਲੇ ਹੁੰਦੇ ਜਾਂਦੇ ਹਨ ਤੇ ਏਨ੍ਹਾਂ ਦੀ ਥਾਂ ਸੂਫੀ ਰੰਗ, ਸਾਇੰਸ ਤੇ ਮਨੋ ਵਿਗਿਆਨ ਵਿਚ ਡੁਬਾ, ਬੁਲ੍ਹੇ ਤੇ ਸ਼ਾਹ ਹੁਸੈਨ ਵਾਂਗ ਲੰਮਾ, ਪ੍ਰੋਫੈਸਰ ਪੂਰਨ ਸਿੰਘ ਵਾਂਗ ਅਲਬੇਲਾ, ਖਲੀਲ

ਜਿਬਰਾਨ ਸਾਰੇ ਨੀਊਯਾਰਕ ਦਾ ਸੁਆਮੀ ਦਿਸਦਾ ਹੈ। ਨੀਊਯਾਰਕ ਦੀਆਂ ਖੁਲ੍ਹੀਆਂ ਸੜਕਾਂ ਤੇ ਉਚੀਆਂ ਛਤਾਂ ਹੇਠ ਬਹਿ ਕੇ ਖਲੀਲ ਜਿਬਰਾਨ ਨਾਲੋਂ, ਨ ਕੋਈ ਚੁੜੇਰਾ ਸੋਚ ਸਕਿਆ ਹੈ, ਨ ਉਚੇਰਾ ਸਮਝ ਸਕਿਆ ਹੈ।

ਇਹ ਠੀਕ ਹੈ, ਬਹੁਤੇ ਸਿਆਣੇ ਅਜ ਕਲ ਦੇਸਾਂ ਨੂੰ ਸੋਨੇ ਦੇ ਵੱਟਿਆਂ ਨਾਲ ਤੋਲਦੇ ਹਨ, ਏਸੇ ਦੇ ਚਮਕੀਲੇ ਇਸ਼ਾਰਿਆਂ ਤੇ ਵਟਾਂਦਰਾ ਹੋ ਕੇ ਗਡੀਆਂ ਜਹਾਜ਼ ਤੇ ਮੋਟਰਾਂ ਜਵਾਨ ਜੁਲਾਹੀ ਦੀ ਨਾਲ ਵਾਂਗ ਇਧਰ ਉਧਰ ਦੌੜਦੀਆਂ ਹਨ। ਹੁਣ ਦੀ ਦੁਨੀਆਂ ਤੇ ਸਰਕਾਰਾਂ ਵਿਉਪਾਰ ਉਪਰ ਟਿੱਕੀਆਂ ਹਨ ਤੇ ਵਿਉਪਾਰ ਦਾ ਦਿੱਲ ਸੋਨਾ, ਤੇ ਖੂਨ ਦੀਆਂ ਨਾੜਾਂ ਬੈਂਕ ਹਨ। ਪਰ ਕੀ ਕੋਈ ਸੋਨੇ ਦੀ ਕਾਨ 'ਮਿਸਟਰ ਚਰਚਲ' ਜਾਂ 'ਰੂਜ਼ਵੈਲਟ' ਪੈਦਾ ਕਰ ਸਕਦੀ ਹੈ? ਕਿਸੇ ਰੈਣੀ ਤੋਂ ਕੁਟ ਕੇ ਨ 'ਜੁਵਾਹਰ' ਬਣਾਇਆ ਜਾ ਸਕਦਾ ਹੈ ਤੇ ਨ 'ਗਾਂਧੀ'। ਨ 'ਹਿਟਲਰ' ਚਿੱਤ੍ਰਿਆ ਜਾ ਸਕਦਾ ਹੈ ਤੇ ਨ 'ਸਟਾਲਨ'। ਵੱਡੇ ਆਦਮੀ ਸੋਨੇ ਤੋਂ ਬਹੁਤ ਵੱਡੇ ਹਨ, ਭਾਵੇਂ ਕਈ ਤਾਂਬੇ ਤੇ ਚਾਂਦੀ ਤੋਂ ਹੀ ਆਪਣਾ ਦੀਨ ਈਮਾਨ ਵੇਚ ਦੇਂਦੇ ਹਨ। 'ਬਰਾਉਨਿੰਗ' ਦੀਆਂ ਕੁਝ ਸਤਰਾਂ, "ਗੁਵਾਚਾ ਲੀਡਰ" ਏਸ ਭਾਵ ਨੂੰ ਸਪਸ਼ਟ ਕਰਦੀਆਂ ਹਨ।

"ਕੇਵਲ ਚਾਂਦੀ ਦੇ ਚੰਦ ਟੁਕੜਿਆਂ ਪਿਛੇ ਸਾਡਾ ਲੀਡਰ ਸਾਨੂੰ ਛਡ ਗਿਆ। ਕੇਵਲ ਕੋਟ ਉਪਰ ਫੀਤਾ ਜਾਂ ਤਮਗਾ ਲਾਉਣ ਲਈ, ਉਨ੍ਹੇ ਕੇਵਲ ਇਕ ਚੀਜ਼ ਲਭੀ, ਜਿਸ ਤੋਂ ਕਿਸਮਤ ਨੇ ਸਾਨੂੰ ਖਾਲੀ ਰਖਿਆ ਸੀ, ਅਤੇ ਉਹ ਸਭ ਕੁਝ ਗੁਵਾ ਦਿਤਾ, ਜੋ ਸਾਨੂੰ ਉਸੇ ਨੂੰ ਰੱਬ ਨੇ ਅਰਪਣ ਕਰਨ ਲਈ ਦਿਤਾ ਸੀ, ਜਿਨ੍ਹਾਂ ਕੋਲ ਸੋਨਾ ਸੀ, ਉਨ੍ਹਾਂ ਕੇਵਲ ਸਾਡਾ ਲੀਡਰ ਖਰੀਦਣ ਲਈ ਚਾਂਦੀ ਦੇ ਟੁਕੜੇ ਦਿਤੇ, ਉਨ੍ਹਾਂ ਕੋਲ ਬਹੁਤ ਕੁਝ ਸੀ ਪਰ ਉਨ੍ਹਾਂ ਕਿੰਨਾ ਥੋੜਾ ਦਿਤਾ।





ਉਸ ਦੀ ਸੇਵਾ ਲਈ ਅਸੀਂ ਸਾਰੇ ਤਾਂਬੇ ਦੇ ਪੈਸੇ ਦੇ ਦਿਤੇ ਸਨ। ਪੈਸਿਆਂ ਨਾਲੋਂ ਰੀਝਾਂ ਤੇ ਦਿੱਲ ਬਹੁਤੇ ਸਨ।"

ਮਾਰਕੀਟ ਵਿਚ ਕੇਵਲ ਉਨ੍ਹਾਂ ਮਨੁਖਾਂ ਦੀ ਕੀਮਤ ਪਾਈ ਜਾ ਸਕਦੀ ਹੈ, ਜੋ ਕਿਸੇ ਦੇ ਹਥਾਂ ਵਿਚ ਜਾ ਕੇ ਮਸ਼ੀਨ ਬਣ ਸਕਣ।

'ਖਲੀਲ ਜਿਬਰਾਨ' ਨੀਊਯਾਰਕ ਵਿਚ ਹੀ ਪੂਰਾ ਖਿੜਿਆ, ਤੇ ਇਹ ਰਹਿਣ ਵਾਲਾ ਕਿਥੋਂ ਦਾ ਸੀ?

ਸੀਰੀਆ ਸਾਡੇ ਪੰਜਾਂ ਜ਼ਿਲਿਆਂ ਤੋਂ ਵੱਡਾ ਨਹੀਂ, ਇਸ ਦੀ ਅਬਾਦੀ ਕੇਵਲ ਤੀਹ ਲਖ ਹੈ। ਜਿੰਨੀ ਅਜ਼ਾਦੀ ਏਨ੍ਹਾਂ ਨੂੰ ਪਿਆਰੀ ਹੈ, ਉਤਨੀ ਸਾਰਿਆਂ ਨੂੰ ਹੋਣੀ ਚਾਹੀਦੀ ਹੈ। ਫਰਾਂਸ ਦੀ ਸਰਕਾਰ ਨੇ ੧੯੨੦ ਤੋਂ ਲਗ ਕੇ ੧੯੩੩ ਤਕ ਕੋਈ ਐਸਾ ਦਾਂ ਨਹੀਂ, ਜੋ ਰਖ ਛਡਿਆ ਹੋਵੇ, ਪਰ ਸੀਰੀਅਨ ਸਮਝ ਤੇ ਤਾਕਤ ਅਨੁਸਾਰ ਠੀਕ ਉਤਰ ਦੇਂਦੇ ਰਹੇ। ਨਿੱਕੇ ਜਹੇ ਦੇਸ਼ ਦੇ ਮਜ਼ਹਬ ਤੇ ਕੌਮਾਂ ਦੇ ਨਾਮ ਉਪਰ ਪੰਜ ਟੋਟੇ ਕੀਤੇ ਤੇ ਸਮੁੰਦਰੀ ਕੰਢਾ, ਜੋ ਸੀਰੀਆ ਦੀ ਹੱਡੀ ਸੀ, ਵੱਖ ਕਰ ਲਿਆ ਪਰ ਸੀਰੀਅਨ ਜਾਣਦੇ ਸਨ, ਟੁਕੜੇ ਕਰ ਕੇ ਸੁਟਣ ਦੇ ਅਰਥ ਹਨ, 'ਸ਼ਿਕਾਰ ਦੇ ਵੱਡੇ ਹਿੱਸੇ ਵਲੋਂ ਟਿੱਕੀਆਂ ਅੱਖਾਂ ਨੂੰ ਧੋਖਾ ਦੇਣਾ।' ਭਾਰਤ ਵਾਂਗ ਚੋਣਾਂ ਭੀ ਧਰਮ ਦੇ ਨਾਮ ਤੇ ਕੀਤੀਆਂ ਗਈਆਂ, ਇਕ ਦਮਸ਼ਕ ਦਾ ਸਭ ਤੋਂ ਹਰ ਮਨ ਪਿਆਰਾ ਲੀਡਰ 'ਪ੍ਰੋਟੈਸਟੈਂਟ' ਸੀ, ਉਹ ਕਿਸੇ ਤਰਾਂ ਭੀ ਖੜਾ ਨਹੀਂ ਸੀ ਹੋ ਸਕਦਾ। ਮੁਸਲਮਾਨਾਂ ਨੇ ਆਪਣੀਆਂ ਦਸਾਂ ਸੀਟਾਂ ਵਿਚੋਂ ਇਕ ਸੀਟ ਉਸ ਨੂੰ ਦੇਣ ਦਾ ਫੈਸਲਾ ਕੀਤਾ, ਪਰ ਸਰਕਾਰ, ਜਿਸ ਦੀ ਨਿਰੋਲ ਧਰਮ ਦੀ ਰਾਖੀ ਕਰਦਿਆਂ ਸਾਰੀ ਜ਼ਿੰਦਗੀ ਲੰਘੀ ਸੀ, ਉਹ ਕਿਸ ਤਰਾਂ ਮੰਨ ਸਕਦੀ ਸੀ। ਚੋਣ ਹੋਈ ਪਰ ਇਸਤਰਾਂ ਕਰਨ ਨਾਲ ਭੀ ਦੇਸ਼ ਪਿਆਰ ਦੀਆਂ ਘੁੰਡੀਆਂ ਢਿਲੀਆਂ ਨ ਹੋਈਆਂ।

ਉਹ ਲੀਡਰ ਕਿਹਾ ਕਰਦਾ ਸੀ, "ਬੇਸ਼ਕ ਅਸੀਂ ਤੀਹ ਲਖ

ਹਾਂ, ਪਰ ਕੀ ਅਜ਼ਾਦੀ ਜੇਹੀ ਚੀਜ਼ ਮੰਗਣਾ ਭੀ ਕੇਵਲ ਬਹੁ ਗਿਣਤੀ ਨੂੰ ਹੀ ਹੱਕ ਹੋ ਸਕਦਾ ਹੈ? ਮੇਰਾ ਯਕੀਨ ਹੈ, ਸੀਰੀਆ ਦੀ ਧਰਤੀ ਉਪਰ ਜੇ ਇਕ ਭੀ ਮਨੁਖ ਰਹਿ ਗਿਆ, ਤਾਂ ਉਹ ਆਪਣੇ ਤੇ ਆਪ ਰਾਜ ਕਰੇਗਾ, ਸੀਰੀਆ ਦੀ ਮਿੱਟੀ ਏਡੀ ਭੈੜੀ ਨਹੀਂ, ਜੋ ਨਿਕੰਮੇ ਤੇ ਧੁੰਦਲੇ ਦਿਮਾਗ ਬਣਾਵੇ।"

ਬੰਬਾਂ ਨਾਲ ਸਭ ਤੋਂ ਪੁਰਾਣਾ ਸ਼ਹਿਰ ਦਮਸ਼ਕ ਬਰਬਾਦ ਕੀਤਾ ਗਿਆ, ਫਰਾਂਸੀਸੀ ਸਿਪਾਹੀ ਹਰਲ ਹਰਲ ਕਰਦੇ ਸ਼ਹਿਰਾਂ ਵਿਚ ਘੁੰਮਣ ਲਗੇ, ਮਾਰਸ਼ਲ-ਲਾ ਲਗਾ ਦਿਤਾ ਗਿਆ। ਪੇਂਡੂ ਪਹਾੜਾਂ ਤੇ ਖੇਤਾਂ ਵਿਚ ਮੋਰਚੇ ਲਾ ਕੇ ਬੈਠ ਗਏ। ਅਖੀਰ ਜਿੱਤ ਹੋਈ। ਕਿਸ ਦੀ? ਡਟੇ ਰਹਿਣ ਵਾਲਿਆਂ ਤੋਂ ਬਿਨਾਂ ਇਤਿਹਾਸ ਕਦੀ ਕਿਸੇ ਨੂੰ ਗਿਣਦਾ ਈ ਨਹੀਂ।

ਖਲੀਲ ਜਿਬਰਾਨ ੧੮੮੩ ਨੂੰ ਸੀਰੀਆ ਦੇ ਮਾਊਂਟ ਲੇਜਾਨੱਾਨ ਵਿਚ ਪੈਦਾ ਹੋਇਆ। ਇਹ ਉਹੋ ਥਾਂ ਹੈ, ਜਿਥੇ ਯਹੂਦੀਆਂ ਦੇ ਅਨੇਕਾਂ ਪੈਗੰਬਰ ਪੈਦਾ ਹੋਏ। ਪੰਜਾਬ ਦੀ ਧਰਤੀ ਵਾਂਗ ਇਹ ਭੀ ਰਿਖੀ ਤੇ ਅਵਤਾਰ ਹੀ ਪੈਦਾ ਕਰਦੀ ਹੈ।

ਜਿੰਨੇ ਜ਼ੁਲਮ ਯਹੂਦੀ ਕੌਮ ਉਪਰ ਅੱਜ ਤੱਕ ਹੋਏ ਹਨ, ਉਨੇ ਸੱਪ ਦੀ ਕੁੱਲ ਨਾਲ ਭੀ ਮਨੁੱਖ ਨੇ ਨਹੀਂ ਕੀਤੇ। ਮੰਨ ਲਿਆ ਸ਼ੁਰੂ ਵਿਚ ਇਹ ਰੱਬ ਦੇ ਨਿਕਟ ਵਰਤੀ ਆਪਣੇ ਆਪ ਨੂੰ ਸਮਝਦੇ ਸਨ, ਪਰ ਕੀ ਅਜੇਹੀ ਜ਼ਾਤ ਹਰ ਇਕ ਦੇਸ਼ ਵਿਚ ਨਹੀਂ, ਜੋ ਦੂਜਿਆਂ ਨਾਲੋਂ ਆਪਣੇ ਆਪ ਨੂੰ ਉਚਾ ਸਮਝੇ? ਰੱਬ ਤੇ ਦੁਨੀਆਂ ਵਿਚ ਵਕਾਲਤ ਕਰੇ! ਸਦੀਆਂ ਤੋਂ ਯਹੂਦੀ, ਪ੍ਰਦੇਸੀ ਚਲੇ ਆਉਂਦੇ ਹਨ, ਖਿਆਲ ਕਰੋ, ਏਡੀ ਵਡੀ ਧਰਤੀ ਤੇ ਯਹੂਦੀ ਲਈ ਏਨੀ ਭੀ ਆਪਣੀ ਥਾਂ ਨਹੀਂ, ਜਿਥੇ ਉਹ ਮਾਣ ਨਾਲ ਆਪਣੀ ਕੱਬਰ ਪੁਟ ਲਵੇ। ਕਈ ਥਾਈਂ ਇਨ੍ਹਾਂ ਨੂੰ ਵਖਰੀ ਪੁਸ਼ਾਕ ਪੌਣ ਦਾ ਹੁਕਮ ਹੈ,





ਕਈ ਦੇਸ਼ਾਂ ਵਿਚ ਇਹ ਸ਼ਹਿਰਾਂ ਅੰਦਰ ਨਹੀਂ ਰਹਿ ਸਕਦੇ।

ਏਨ੍ਹਾਂ ਦੀ ਅਬਾਦੀ ਬੜੀ ਥੋੜੀ ਹੈ, ਪਤਾ ਜੇ ਕਿਉਂ? ਇਸ ਕਰ ਕੇ ਕਿ ਜਦੋਂ ਕਿਸੇ ਸਰਕਾਰ ਨੂੰ ਗੁਸਾ ਆ ਗਿਆ, ਉਸ ਨੇ ਮਹੱਲੇ ਦੇ ਮਹੱਲੇ ਗੋਲੀਆਂ ਨਾਲ ਭੁੰਨ ਦਿਤੇ ਜਾਂ ਸਾਰੇ ਦੇ ਸਾਰੇ ਕਤਲ ਕਰ ਦਿਤੇ।

ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ, ਜੋ ਧਰਤੀ ਵਿਚ ਲੁਕੀਆਂ ਬਹੁਤੀਆਂ ਕਾਨਾਂ ਕਿਸੇ ਯਹੂਦੀ ਬੱਚੇ ਨੇ ਹੀ ਲੱਭੀਆਂ। ਮਸ਼ੀਨਾਂ ਦੀ ਤੇਜੀ ਕਿਸੇ ਯਹੂਦੀ ਦੇ ਜਗਰਾਤਿਆਂ ਦੀ ਥਕਾਵਟ ਦਾ ਫੱਲ ਹੈ। ਸਰੀਰਕ ਵਿਗਿਆਨ ਤੇ ਸਭ ਤੋਂ ਬਹੁਤਾ ਮਥਾ ਯਹੂਦੀਆਂ ਨੇ ਹੀ ਮਾਰਿਆ ਹੈ। ਚੀਰਨ ਫਾੜਨ ਵਿਚ ਕਮਾਲ ਦੇ ਲਾਗੇ ਜੇਹੜੇ ਪੁਜ ਰਹੇ ਹਾਂ, ਇਹ ਕਿਸੇ ਯਹੂਦੀ ਦੀ ਸਿਆਣੀ ਉਂਗਲ ਫੜਨ ਦਾ ਸਿੱਟਾ ਹੈ। ਵੱਡੇ ਵੱਡੇ ਦਰਿਆਵਾਂ ਦੇ ਬੰਨ੍ਹ ਕਿਸੇ ਯਹੂਦੀ ਨੇ ਸਭ ਤੋਂ ਪਹਿਲਾਂ ਸੋਚੇ ਸਨ। ਜਿੰਨਾ ਬ੍ਰਿਹਾ ਤੇ ਵਿਜੋਗ ਯਹੂਦੀਆਂ ਦੇ ਆਪਣੇ ਸਾਹਿਤ ਵਿਚ ਹੈ, ਉਸ ਦਾ ਅਜੇ ਕਿਸੇ ਨੇ ਸੁੱਪਨਾ ਭੀ ਨਹੀਂ ਲਿਆ। ਕੁਝ ਪਾਲਾਂ ਪ੍ਰਮਾਣ ਲਈ ਦੇਂਦਾ ਹਾਂ।

"ਐ ਜ਼ਿਯੋਨ, ਜਦੋਂ ਸਾਨੂੰ ਤੇਰੀ ਯਾਦ ਆਈ, ਅਸੀਂ ਨਦੀ ਦੇ ਕੰਢੇ ਤੇ ਬਹਿ ਕੇ ਰਜ ਕੇ ਰੋਏ।

ਆਪਣੀਆਂ ਵੀਣਾਂ ਤੇ ਸਾਜ਼ ਤਾਂ ਅਸੀਂ ਉਥੇ ਹੀ ਬ੍ਰਿਛਾਂ ਤੇ ਟੰਗ ਆਏ ਸਾਂ।

ਕਿਉਂਕਿ ਜੋ ਸਾਨੂੰ ਕੈਦੀ ਬਣਾ ਕੇ ਲਿਆਏ ਸਨ, ਉਹ ਸਾਡੇ ਦੁਖਾਂ ਵੇਲੇ ਕਹਿੰਦੇ ਸਨ, ਕੋਈ ਰੋਂਦਾ ਧੋਂਦਾ ਗੀਤ, ਲੱਕੜਾਂ ਵਿਚ ਛੇਕ ਕਰਨ ਵਾਲੀ ਸੁਰ ਜਾਂ ਪੱਥਰ ਪਿਘਲਾ ਦੇਣ ਵਾਲੇ ਸਾਜ਼ਾਂ ਦੀਆਂ ਸੁਰਾਂ ਛੇੜੋ, ਨਹੀਂ ਤੇ ਜ਼ਿਯੋਨ ਦਾ ਰਾਗ ਤੇ ਕਹੋ।

ਅਸੀਂ ਆਪਣੇ ਪ੍ਰਭੂ ਦਾ ਗੀਤ, ਪ੍ਰਦੇਸ ਵਿਚ ਖੁਸ਼ੀ ਨਾਲ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.